**Media Release**

30 August 2018

## BSA does not uphold complaint by 20 complainants about Punjabi talkback programme, *Bhakhde Masley*

The Broadcasting Standards Authority has not upheld complaints from 20 members of New Zealand's Sikh community about a broadcast of Punjabi talkback programme, *Bhakhde Masley.*

During the broadcast, the host questioned the teachings of a deceased Sikh religious figure by posing hypothetical questions about how the leader and his widow had had children. Referring to the leader's teachings on celibacy, the host posed provocative questions about how the religious figure's wife was able to have children.

The Authority recognised that, due to the religious standing of the Sikh leader and his widow, the host's comments were in poor taste and caused offence to a large section of the Sikh community in New Zealand.

However, 19 of the complainants raised only the privacy standard in their complaints, which applies only to living people. Therefore the privacy standard did not apply to the religious leader or his now deceased widow. One complainant raised standards in addition to privacy, but the standards raised were either not applicable to the particular broadcast or were not breached, given the hypothetical nature of the discussion which was intended to critically question the religious teachings.

The Authority emphasised the value placed on freedom of expression in New Zealand and emphasised the responsibilities that come with the exercise of that right.

"The right to freedom of expression in New Zealand allows broadcasters to raise ideas in a way that might be satirical, provocative or in poor taste, provided it does not cause harm. The right to freedom of expression therefore comes with responsibilities and broadcasting standards are designed to guide broadcasters in this exercise," the Authority said.

The Authority acknowledged that the broadcast caused significant division within the Sikh community in New Zealand, but explained that its role was limited to considering only the standards raised by the complainants. Given this the Authority found it was unable to uphold the complaints.

ENDS

**For more information contact Catie Murray on 021 623 794.**

## FURTHER INFORMATION

The programme was broadcast on 15 April 2018 on Radio Virsa. The full decision is available at http://bsa.govt.nz/decisions/latest. The decision was made under the Radio Code of Broadcasting Practice which is available at http://bsa.govt.nz/standards/overview.

The below translation has been prepared by the Translation Service at the Department of Internal Affairs.

## ABOUT THE BROADCASTING STANDARDS AUTHORITY

The BSA is an independent Crown entity that oversees the broadcasting standards regime in New Zealand. The BSA determines complaints that broadcasts have breached standards, undertakes research and oversees the development of broadcasting standards in consultation with broadcasters.

The Authority members are Peter Radich (Chair), Te Raumawhitu Kupenga, Paula Rose and Wendy Palmer.

**For more information see our website: www.bsa.govt.nz**

ਪ੍ਰੈੱਸ ਬਿਆਨ

30 ਅਗਸਤ 2018

---

**ਬੀਐੱਸਏ ਨੇ 20 ਸ਼ਿਕਾਇਤਕਰਤਾਵਾਂ ਦੀ ਸ਼ਿਕਾਇਤ ਨੂੰ ਦਰੁਸਤ ਨਹੀਂ ਮੰਨਿਆ, ਜੋ ਇਸ ਪੰਜਾਬੀ ਟਾਕਬੈਕ ਪ੍ਰੋਗਰਾਮ ਬਾਰੇ ਹੈ, *ਭਖਦੇ ਮਸਲੇ***

ਬ੍ਰਾਡਕਾਸਟਿੰਗ ਸਟੈਂਡਰਡਜ਼ ਅਥਾਰਟੀ ਨੇ ਉਨ੍ਹਾਂ 20 ਮੈਂਬਰਾਂ ਦੀ ਸ਼ਿਕਾਇਤ ਨੂੰ ਦਰੁਸਤ ਨਹੀਂ ਮੰਨਿਆ, ਜੋ ਨਿਊ ਜ਼ੀਲੈਂਡ ਦੇ ਸਿੱਖ ਭਾਈਚਾਰੇ ਨਾਲ ਸਬੰਧਤ ਹਨ ਤੇ ਇਹ ਇਸ ਪੰਜਾਬੀ ਟਾਕਬੈਕ ਪ੍ਰੋਗਰਾਮ ਦੇ ਪ੍ਰਸਾਰਣ ਬਾਰੇ ਹੈ, *ਭਖਦੇ ਮਸਲੇ।*

ਪ੍ਰਸਾਰਣ ਦੌਰਾਨ, ਮੇਜ਼ਬਾਨ ਨੇ ਇੱਕ ਮ੍ਰਿਤਕ ਸਿੱਖ ਧਾਰਮਿਕ ਸ਼ਖ਼ਸੀਅਤ ਦੀਆਂ ਸਿੱਖਿਆਵਾਂ ਬਾਰੇ ਸੁਆਲ ਕੀਤਾ ਅਜਿਹੇ ਫ਼ਰਜ਼ੀ ਜਿਹੇ ਸੁਆਲ ਪੁੱਛੇ ਗਏ ਕਿ ਆਗੂ ਤੇ ਉਸ ਦੀ ਵਿਧਵਾ ਦੇ ਬੱਚੇ ਕਿਵੇਂ ਹੋਏ ਸਨ। ਆਗੂ ਦੀਆਂ ਬ੍ਰਹਮਚਾਰ ਬਾਰੇ ਸਿੱਖਿਆਵਾਂ ਦੇ ਹਵਾਲੇ ਨਾਲ, ਮੇਜ਼ਬਾਨ ਨੇ ਭੜਕਾਊ ਪ੍ਰਸ਼ਨ ਪੁੱਛੇ ਕਿ ਧਾਰਮਿਕ ਸ਼ਖ਼ਸੀਅਤ ਦੀ ਪਤਨੀ ਦੇ ਬੱਚੇ ਕਿਵੇਂ ਪੈਦਾ ਹੋ ਗਏ।

ਅਥਾਰਟੀ ਨੇ ਮੰਨਿਆ ਕਿ ਸਿੱਖ ਆਗੂ ਤੇ ਉਸ ਦੀ ਵਿਧਵਾ ਦੀ ਧਾਰਮਿਕ ਮਾਨਤਾ ਕਾਰਨ, ਮੇਜ਼ਬਾਨ ਦੀਆਂ ਟਿੱਪਣੀਆਂ ਪਸੰਦ ਨਹੀਂ ਕੀਤੀਆਂ ਗਈਆਂ ਤੇ ਉਸ ਨਾਲ ਨਿਊ ਜ਼ੀਲੈਂਡ 'ਚ ਵਸਦੇ ਸਿੱਖ ਭਾਈਚਾਰੇ ਦੇ ਇੱਕ ਵੱਡੇ ਵਰਗ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ।

ਉਂਝ, 19 ਸ਼ਿਕਾਇਤਕਰਤਾਵਾਂ ਨੇ ਨਿੱਜਤਾ ਮਿਆਰ ਦਾ ਮੁੱਦਾ ਚੁੱਕਿਆ ਹੈ ਆਪਣੀਆਂ ਸ਼ਿਕਾਇਤਾਂ 'ਚ, ਜੋ ਸਿਰਫ਼ ਜਿਊਂਦੇ ਲੋਕਾਂ 'ਤੇ ਹੀ ਲਾਗੂ ਹੁੰਦਾ ਹੈ। ਇਸ ਲਈ ਨਿੱਜਤਾ ਮਿਆਰ ਧਾਰਮਿਕ ਆਗੂ ਜਾਂ ਉਨ੍ਹਾਂ ਦੀ ਹੁਣ ਮ੍ਰਿਤਕ ਵਿਧਵਾ 'ਤੇ ਲਾਗੂ ਨਹੀ਼ ਹੁੰਦਾ। ਇੱਕ ਸ਼ਿਕਾਇਤਕਰਤਾ ਨੇ ਨਿਜਤਾ ਤੋਂ ਇਲਾਵਾ ਮਿਆਰਾਂ ਦਾ ਮੁੱਦਾ ਉਠਾਇਆ ਹੈ, ਪਰ ਉਠਾਏ ਗਏ ਮਿਆਰ ਇਸ ਵਿਸ਼ੇਸ਼ ਬ੍ਰਾਡਕਾਸਟ 'ਤੇ ਜਾਂ ਤਾਂ ਲਾਗੂ ਨਹੀ਼ ਹੁੰਦੇ ਜਾਂ ਉਨ੍ਹਾਂ ਦੀ ਉਲੰਘਣਾ ਨਹੀਂ ਕੀਤੀ ਗਈ ਸੀ, ਕਿਉਂਕਿ ਵਿਚਾਰ-ਵਟਾਂਦਰੇ ਦੀ ਕਿਸਮ ਫ਼ਰਜ਼ੀ ਸੀ, ਜੋ ਧਾਰਮਿਕ ਸਿੱਖਿਆਵਾਂ ਬਾਰੇ ਆਲੋਚਨਾਤਮਕ ਪ੍ਰਸ਼ਨ ਕਰਨ ਵੱਲ ਸੇਧਤ ਸੀ।

ਅਥਾਰਟੀ ਨੇ ਨਿਊ ਜ਼ੀਲੈਂਡ 'ਚ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦੀ ਕੀਮਤ 'ਤੇ ਜ਼ੋਰ ਦਿੱਤਾ ਅਤੇ ਉਸ ਅਧਿਕਾਰ ਦੀ ਵਰਤੋਂ ਕਰਦੇ ਸਮੇਂ ਜ਼ਿੰਮੇਵਾਰੀਆਂ 'ਤੇ ਜ਼ੋਰ ਦਿੱਤਾ।

"ਨਿਊ ਜ਼ੀਲੈਂਡ ਵਿੱਚ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦਾ ਅਧਿਕਾਰ ਬ੍ਰਾਡਕਾਸਟਰਾਂ ਨੂੰ ਅਜਿਹੇ ਢੰਗ ਨਾਲ ਮੁੱਦੇ ਚੁੱਕਣ ਦੀ ਪ੍ਰਵਾਨਗੀ ਦਿੰਦਾ ਹੈ ਕਿ ਜੋ ਓਨੀ ਕੁ ਹੱਦ ਤੱਕ ਵਿਅੰਗਾਤਮਕ, ਭੜਕਾਊ ਜਾਂ ਮਾੜੇ ਜਾਪਣ ਵਾਲੇ ਹੋਣ, ਜਿੰਨਾ ਕਿ ਕਿਸੇ ਨੂੰ ਕੋਈ ਨੁਕਸਾਨ ਨਾ ਪੁੱਜੇ। ਇੰਝ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਨਾਲ ਕੁਝ ਜ਼ਿੰਮੇਵਾਰੀਆਂ ਵੀ ਆਉਂਦੀਆਂ ਹਨ ਅਤੇ ਇਸ

ਅਭਿਆਸ ਵਿੱਚ ਬ੍ਰਾਡਕਾਸਟਿੰਗ ਮਿਆਰ ਬ੍ਰਾਡਕਾਸਟਰਾਂ ਨੂੰ ਦਿਸ਼ਾ-ਨਿਰਦੇਸ਼ ਦੇਣ ਲਈ ਤਿਆਰ ਕੀਤੇ ਜਾਂਦੇ ਹਨ,'' ਅਥਾਰਟੀ ਨੇ ਕਿਹਾ।

ਅਥਾਰਟੀ ਨੇ ਇਹ ਮੰਨਿਆ ਕਿ ਬ੍ਰਾਡਕਾਸਟ ਕਾਰਨ ਨਿਊ ਜ਼ੀਲੈਂਡ ਦੇ ਸਿੱਖ ਭਾਈਚਾਰੇ 'ਚ ਵੱਡੇ ਪੱਧਰ 'ਤੇ ਫੁੱਟ ਪੈ ਗਈ, ਪਰ ਇਹ ਵਿਆਖਿਆ ਕੀਤੀ ਕਿ ਉਸ ਦੀ ਭੂਮਿਕਾ ਸਿਰਫ਼ ਸ਼ਿਕਾਇਤਕਰਤਾਵਾਂ ਵੱਲੋਂ ਉਠਾਏ ਗਏ ਮਿਆਰਾਂ 'ਤੇ ਵਿਚਾਰ-ਵਟਾਂਦਰਾ ਕਰਨ ਤੱਕ ਸੀਮਤ ਸੀ। ਇਹ ਦੱਸਿਆ ਗਿਆ ਅਥਾਰਟੀ ਨੇ ਪਾਇਆ ਕਿ ਉਹ ਸ਼ਿਕਾਇਤਾਂ ਨੂੰ ਦਰੁਸਤ ਨਹੀਂ ਪਾ ਸਕੀ।

ਖ਼ਤਮ ਹੁੰਦਾ ਹੈ

ਹੋਰ ਜਾਣਕਾਰੀ ਲਈ ਕੇਟੀ ਮਰੇ ਨਾਲ **021 623 794** 'ਤੇ ਸੰਪਰਕ ਕਰੋ।

ਹੋਰ ਜਾਣਕਾਰੀ

ਇਹ ਪ੍ਰੋਗਰਾਮ 15 ਅਪ੍ਰੈਲ, 2018 ਨੂੰ ਰੇਡੀਓ ਵਿਰਸਾ 'ਤੇ ਪ੍ਰਸਾਰਿਤ ਹੋਇਆ ਸੀ। ਪੂਰਾ ਫ਼ੈਸਲਾ ਇੱਥੇ ਉਪਲਬਧ ਹੈ http://bsa.govt.nz/decisions/latest। ਇਹ ਫ਼ੈਸਲਾ ਪ੍ਰਸਾਰਣ ਅਭਿਆਸ ਦੇ ਰੇਡੀਓ ਜ਼ਾਬਤੇਦੇ ਦਸਤੂਰ ਅਧੀਨ ਦਿੱਤਾ ਗਿਆ ਸੀ, ਜੋ ਇੱਥੇ ਉਪਲਬਧ ਹੈ http://bsa.govt.nz/standards/overview।

ਬ੍ਰਾਡਕਾਸਟਿੰਗ ਸਟੈਂਡਰਡਜ਼ ਅਥਾਰਟੀ ਬਾਰੇ

ਬੀਐੱਸਏ ਇੱਕ ਆਜ਼ਾਦ ਸਰਕਾਰੀ ਇਕਾਈ ਹੈ ਜੋ ਨਿਊ ਜ਼ੀਲੈਂਡ ਵਿੱਚ ਪ੍ਰਸਾਰਣ ਦੇ ਮਿਆਰਾਂ ਦੇ ਸ਼ਾਸਨ 'ਤੇ ਨਜ਼ਰ ਰੱਖਦੀ ਹੈ। ਬੀ. ਐੱਸ. ਏ. ਉਨ੍ਹਾ ਸ਼ਿਕਾਇਤਾ ਤੇ ਫੈਸਲਾ ਕਰਦੀ ਹੈ ਜਿਥੇ ਪ੍ਰਾਸਾਰਣ ਦੇ ਮਿਆਰਾਂ ਦੀ ਉਲੰਘਣਾ ਹੋਈ ਹੋਵੇ, ਖੋਜ ਕਾਰਜ ਕਰਦੀ ਹੈ ਅਤੇ ਪ੍ਰਸਾਰਣ ਦੇ ਮਿਆਰਾਂ ਦੀ ਪਰਸਾਰਕਾਂ ਨਾਲ ਸਲਾਹ ਕਰਕੇ ਨਿਗਰਾਨੀ ਕਰਦੀ

ਅਥਾਰਟੀ ਦੇ ਮੈਂਬਰ ਪੀਟਰ ਰੈਡਿਚ (ਚੇਅਰ), ਤੇ ਰੌਮਾਵ੍ਹਿਟੂ ਕੁਪੇਂਗਾ, ਪੌਲਾ ਰੋਜ਼ ਅਤੇ ਵੈਂਡੀ ਪਾਮਰ ਹਨ।

ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ: **www.bsa.govt.nz**

This translation has been prepared by the Translation Service at the Department of Internal Affairs.